# 12th BRICS Summit

November 16, 2020

……………………………………………………………………………………………………………..

# 12ਵਾਂ ਬ੍ਰਿਕਸ ਸਿਖਰ ਸੰਮੇਲਨ

16 ਨਵੰਬਰ, 2020

1. ਰਾਸ਼ਟਰਪਤੀ ਪੁਤਿਨ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਰੂਸ ਦੀ ਮੇਜ਼ਬਾਨੀ ਵਿੱਚ 17 ਨਵੰਬਰ, 2020 ਨੂੰ "ਆਲਮੀ ਸਥਿਰਤਾ, ਸਾਂਝੀ ਸੁਰੱਖਿਆ ਅਤੇ ਨਵਾਚਾਰੀ ਵਿਕਾਸ" ਵਿਸ਼ੇ 'ਤੇ ਕਰਾਏ ਜਾ ਰਹੇ 12ਵੇਂ ਬ੍ਰਿਕਸ ਸਿਖਰ ਸੰਮੇਲਨ ਵਿੱਚ ਹਿੱਸਾ ਲੈਣਗੇ। ਇਹ ਬੈਠਕ ਵਰਚੁਅਲ ਮਾਧਿਅਮ ਰਾਹੀਂ ਹੋਵੇਗੀ।

2. ਸੰਯੁਕਤ ਰਾਸ਼ਟਰ ਦੀ 75ਵੀਂ ਵਰੇਗੰਢ ਦੇ ਪਿਛੋਕੜ ਵਿੱਚ ਅਤੇ COVID -19 ਮਹਾਂਮਾਰੀ ਦੇ ਚਲਦੇ ਹੋਏ ਕਰਾਏ ਜਾ ਰਹੇ 12ਵੇਂ ਸਿਖਰ ਸੰਮੇਲਨ ਦੌਰਾਨ ਭਾਗ ਲੈ ਰਹੇ ਆਗੂ ਬਹੁਪੱਖੀ ਪ੍ਰਣਾਲੀ ਦੇ ਸੁਧਾਰ, ਮੌਜੂਦਾ COVID -19 ਮਹਾਂਮਾਰੀ ਦੇ ਪ੍ਰਭਾਵ ਨੂੰ ਘਟਾਉਣ ਦੇ ਉਪਾਵਾਂ, ਅੱਤਵਾਦ ਨਾਲ ਨਜਿੱਠਣ, ਕਾਰੋਬਾਰ, ਸਿਹਤ, ਊਰਜਾ ਅਤੇ ਲੋਕਾਂ ਦੇ ਆਦਾਨ-ਪ੍ਰਦਾਨ ਦੇ ਮਾਮਲੇ ਵਿੱਚ ਸਹਿਯੋਗ ਸਮੇਤ BRICS ਦੇਸ਼ਾਂ ਦਰਮਿਆਨ ਅੰਦਰੂਨੀ ਸਹਿਯੋਗ ਅਤੇ ਆਲਮੀ ਪ੍ਰਸੰਗ ਵਿੱਚ ਪ੍ਰਮੁੱਖ ਮੁੱਦਿਆਂ 'ਤੇ ਵਿਚਾਰ-ਵਟਾਂਦਰਾ ਕਰਨਗੇ।

3. ਭਾਰਤ BRICS ਦੀ ਅਗਲੀ ਪ੍ਰਧਾਨਗੀ ਸੰਭਾਲੇਗਾ, ਜੋ BRICS ਦੀ ਸਥਾਪਨਾ ਹੋਣ ਤੋਂ ਬਾਅਦ (2012 ਅਤੇ 2016 ਤੋਂ ਬਾਅਦ) ਭਾਰਤ ਵੱਲੋਂ ਇਸਦੀ ਤੀਜੀ ਪ੍ਰਧਾਨਗੀ ਹੋਵੇਗੀ ਅਤੇ 2021 ਵਿਚ13ਵੇਂ ਬ੍ਰਿਕਸ ਸਿਖਰ ਸੰਮੇਲਨ ਦੀ ਮੇਜ਼ਬਾਨੀ ਕਰੇਗਾ।

ਨਵੀਂ ਦਿੱਲੀ
16 ਨਵੰਬਰ, 2020

DISCLAIMER: This is an approximate translation. The original is available in English on MEA's website and may be referred to as the official press release.